ਦਫਤਰ ਡਾਇਰੈਕਟਰ ਸਿੱਖਿਆ ਵਿਭਾਗ(ਸੈਸਿ) ਪੰਜਾਬ
(ਅਮਲਾ-4 ਸ਼ਾਖਾ)

ਸੇਵਾ ਵਿਖੇ

ਪੰਜਾਬ ਰਾਜ ਦੇ ਸਮੂਹ
ਜਿਲ੍ਹਾ ਸਿੱਖਿਆ ਅਫਸਰ(ਸੈਸਿ)/ ਐ.ਸਿ.

ਮੀਮੋ ਨੰ: 19/23-16ਅ4 (5)
ਮਿਤੀ: 14-09-2017

ਵਿਸ਼ਾ: ਜੇ.ਬੀ.ਟੀ./ਈ.ਟੀ.ਟੀ. ਸੀ.ਐਂਡ ਵੀ. ਕਾਡਰ ਤੋਂ ਮਾਸਟਰ ਕਾਡਰ ਤਰੱਕੀਆਂ-ਅਧਿਆਪਕ ਯੋਗਤਾ ਟੈਸਟ(ਟੀ.ਈ.ਟੀ.) ਸਬੰਧੀ।

ਸਰਕਾਰ ਵਲੋਂ ਆਰ.ਟੀ.ਈ. ਐਕਟ 2009 ਤਹਿਤ ਐਨ.ਸੀ.ਟੀ.ਈ. ਵਲੋਂ ਜਾਰੀ ਨੋਟੀਫਿਕੇਸ਼ਨ ਮਿਤੀ 23-8-2010 ਦੇ ਸੰਦਰਭ ਵਿੱਚ ਜੇ.ਬੀ.ਟੀ./ਈ.ਟੀ.ਟੀ. ਸੀ.ਐਂਡ ਵੀ. ਕਾਡਰ ਤੋਂ ਮਾਸਟਰ ਕਾਡਰ ਤਰੱਕੀਆਂ ਲਈ ਇਹਨਾਂ ਅਧਿਆਪਕ ਤੇ ਅਧਿਆਪਕ ਯੋਗਤਾ ਟੈਸਟ(ਟੀ.ਈ.ਟੀ.) ਦੀ ਸ਼ਰਤ ਸੰਬੰਧੀ ਕਮੇਟੀ ਦਾ ਗਠਨ ਕੀਤਾ ਗਿਆ ਸੀ। ਕਮੇਟੀ ਵਲੋਂ ਮਿਤੀ 26-10-2015 ਦੀ ਮੀਟਿੰਗ ਵਿੱਚ ਹੇਠ ਲਿਖੇ ਅਨੁਸਾਰ ਫੈਸਲਾ ਕੀਤਾ ਗਿਆ ਸੀ:

" ਜੇ.ਬੀ.ਟੀ./ਈ.ਟੀ.ਟੀ. ਅਤੇ ਸੀ.ਐਂਡ ਵੀ. ਕਾਡਰ ਤੋਂ ਮਾਸਟਰ ਕਾਡਰ ਦੀਆਂ ਤਰੱਕੀਆਂ ਲਈ ਪੰਜਾਬ ਸਟੇਟ ਐਜੂਕੇਸ਼ਨ ਕਲਾਸ-3 ( ਸਕੂਲ ਕਾਡਰ) ਸਰਵਿਸ ਰੂਲਜ 1978 ਐਜ ਅਮੈਂਡਿਡ ਪੰਜਾਬ ਸਟੇਟ ਐਜੂਕੇਸ਼ਨ ਕਲਾਸ -3 (ਸਕੂਲ ਕਾਡਰ) ਸਰਵਿਸ ਰੂਲਜ (ਫਸਟ ਅਮੈਂਡਮੈਂਟ) ਰੂਲਜ 1995 ਅਨੁਸਾਰ ਸ਼ਰਤਾਂ ਪੂਰੀਆਂ ਕਰਨ ਤੋਂ ਇਲਾਵਾ ਹੇਠ ਲਿਖੇ ਅਨੁਸਾਰ ਸਹਿਮਤੀ ਬਣੀ:

1. ਜਿਹੜੇ ਅਧਿਆਪਕ ਮਿਤੀ 3 ਸਤੰਬਰ 2001 ਤੋਂ ਪਹਿਲਾਂ, ਪੰਜਾਬ ਸਟੇਟ ਐਜੂਕੇਸ਼ਨ ਕਲਾਸ-3 ( ਸਕੂਲ ਕਾਡਰ) ਸਰਵਿਸ ਰੂਲਜ 1978 ਦੀ ਪ੍ਰੋਵਿਜਨਾਂ ਅਨੁਸਾਰ ਨਿਯੁੱਕਤ ਹੋਏ ਹਨ, ਉਹਨਾਂ ਤੇ ਟੀ.ਈ.ਟੀ. ਲਾਗੂ ਨਹੀਂ ਹੁੰਦਾ।
2. 3 ਸਤੰਬਰ 2001 ਤੋਂ ਆਰ.ਟੀ.ਈ. ਐਕਟ 2009 ਤਹਿਤ ਐਨ.ਸੀ.ਟੀ.ਈ. ਨੋਟੀਫਿਕੇਸ਼ਨ ਦੀ ਮਿਤੀ 23-8-2010 ਤੱਕ ਜਿਹੜੇ ਅਧਿਆਪਕ ਉਕਤ 1978 ਦੇ ਨਿਯਮਾਂ ਅਨੁਸਾਰ ਨਿਯੁਕਤ ਹੋਏ ਹਨ, ਉਹਨਾਂ ਨੂੰ ਵੀ ਟੀ.ਈ.ਟੀ. ਪਾਸ ਕਰਨ ਦੀ ਲੋੜ ਨਹੀਂ ਹੋਵੇਗੀ ਬਸ਼ਰਤੇ ਕਿ ਉਹਨਾਂ ਦੀ ਨਿਯੁਕਤੀ ਐਨ.ਸੀ.ਟੀ.ਈ. ਰੈਗੂਲੇਸ਼ਨ (The Determination of Minimum Qualification of Recruitment of Teachers in Schools ) Regulations, 2001(ਇੰਡੀ ਕ) ਅਨੁਸਾਰ ਹੋਈ ਹੋਵੇ।
3. ਆਰ.ਟੀ.ਈ. ਐਕਟ 2009 ਤਹਿਤ ਐਨ.ਸੀ.ਟੀ.ਈ. ਨੋਟੀਫਿਕੇਸ਼ਨ ਦੀ ਮਿਤੀ 23-8-2010 ਤੋਂ ਬਾਅਦ ਸੇਵਾ ਵਿੱਚ ਆਏ ਅਧਿਆਪਕਾਂ ਦੀ ਤਰੱਕੀਆਂ ਲਈ ਟੀ.ਈ.ਟੀ. ਪਾਸ ਕਰਨਾ ਲਾਜਮੀ ਹੋਵੇਗਾ। "

ਉਪਰੋਕਤ ਟੀ.ਈ.ਟੀ. ਕਮੇਟੀ ਦੇ ਫੈਸਲੇ ਵਿੱਚ ਪੁਆਇੰਟ ਨੰ: 3 ਦੀ ਰੋਸ਼ਨੀ ਵਿੱਚ ਮੌਜੂਦਾ ਤਰੱਕੀ ਲਈ ਵਿਚਾਰ ਅਧੀਨ ਬਹੁਤ ਸਾਰੇ ਅਧਿਆਪਕ ਜੋ ਕਿ ਮਿਤੀ 23-8-2010 ਤੋਂ ਬਾਅਦ ਰੈਗੂਲਰ ਹੋਏ ਸਨ ਜਾਂ ਸਿੱਖਿਆ ਵਿਭਾਗ ਵਿੱਚ ਆਏ ਹਨ, ਤੋਂ ਟੀ.ਈ.ਟੀ. ਪਾਸ ਕਰਨ ਸੰਬੰਧੀ ਸਬੂਤਮੰਗੇ ਗਏ ਸਨ ਅਤੇ ਅਧਿਆਪਕਾਂ ਵਲੋਂ ਇਸ ਸੰਬੰਧੀ ਆਪਣੇ ਇਤਰਾਜ ਪੇਸ਼ ਕੀਤੇ ਗਏ ਹਨ ਜਿਸ ਅਨੁਸਾਰ ਸਰਕਾਰ ਵਲੋਂ ਉਪਰੋਕਤ ਸੰਬੰਧੀ ਫੈਸਲੇ ਦੇ ਪੁਆਇੰਟ ਨੰ: 3 ਨੂੰ ਵਿਚਾਰਦੇ ਹੋਏ ਨਿਮਨਲਿਖਤ ਅਨੁਸਾਰ ਸੋਧ ਕਰ ਦਿੱਤੀ ਗਈ:

**" ਆਰ.ਟੀ.ਈ ਐਕਟ 2009 ਤਹਿਤ ਐਨ.ਸੀ.ਟੀ.ਈ. ਨੋਟੀਫਿਕੇਸ਼ਨ ਦੀ ਮਿਤੀ 23 ਅਗਸਤ 2010 ਦੀਆਂ ਪ੍ਰੋਵੀਜ਼ਨਾਂ ਅਨੁਸਾਰ ਅਤੇ ਪੰਜਾਬ ਸਰਕਾਰ ਵੱਲੋਂ ਜੁਲਾਈ 2011 ਵਿੱਚ ਕੰਨਡਕਟ ਕੀਤੇ ਗਏ ਪਹਿਲੇ ਪੀ.ਐਸ ਟੈਟ ਦੇ ਰਿਜ਼ਲਟ ਘੋਸ਼ਿਤ ਕਰਨ ਦੀ ਮਿਤੀ 30 ਜੁਲਾਈ 2011 ਤੋਂ ਬਾਅਦ ਸੇਵਾ ਵਿੱਚ ਆਏ ਜੇ.ਬੀ.ਟੀ /ਈ.ਟੀ.ਟੀ /ਸੀ.ਐਂਡ ਵੀ ਅਧਿਆਪਕਾਂ ਦੀਆਂ ਤਰੱਕੀਆਂ ਲਈ ਟੀ.ਈ.ਟੀ ਪਾਸ ਕਰਨਾ ਲਾਜਮੀ ਹੋਵੇਗਾ।"**

**ਉਪਰੋਕਤ ਦੀ ਰੋਸ਼ਨੀ ਵਿੱਚ ਸਰਕਾਰ ਵਲੋਂ ਸੀ.ਐਂਡ ਵੀ, ਟੀਚਿੰਗ ਫੈਲੋਜ਼ ਤੋਂ ਰੈਗੂਲਰ ਹੋਏ ਅਧਿਆਪਕ ਅਤੇ ਪੀ.ਆਰ.ਆਈ/ ਯੂ.ਐਲ.ਬੀ ਤੋਂ ਵਿਭਾਗ ਵਿੱਚ ਸ਼ਾਮਲ ਹੋਏ ਅਧਿਆਪਕਾਂ ਨੂੰ ਮਾਸਟਰ ਕਾਡਰ ਵਿੱਚ ਤਰੱਕੀਆਂ ਵਿੱਚ ਟੀ.ਈ.ਟੀ ਦੀ ਛੋਟ ਦੇਣ ਦਾ ਫੈਸਲਾ ਕੀਤਾ ਗਿਆ ਹੈ।**

14/9/17

ਡਾਇਰੈਕਟਰ ਸਿੱਖਿਆ ਵਿਭਾਗ(ਸ)
ਪੰਜਾਬ।